For needful, pls.
11/6/24

AM/IT (HR)

Dairy No. 897 Dt. 5/5/24
ASE/MSC ASE/CRM
ASE/MBD M/SCADA
M/CCM M/ACM
M/MBD/GIS Supdt/IT
M/NSP AAO/IT
DGM/IT(SD&I)


# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

(ਸੀਨੀਅਰ ਕਾਰਜਕਾਰੀ ਇੰਜੀਨੀਅਰ, ਸੰਚਾਲਨ ਮੰਡਲ ਪਾਤੜਾਂ)

ਫੋਨ ਨੰ.01764,242632 ਫੈਕਸ ਨੰ E-mail-pspcldivisionpatran2@gmail.com


ਦਫਤਰੀ ਹੁਕਮ ਨੰ: 98 ਮਿਤੀ: 3/6/24

ਸ੍ਰੀ ਗੁਰਤੇਜ ਰਾਮ ਪੁੱਤਰ ਸ੍ਰੀ ਦਿਆ ਰਾਮ (ਆਈ.ਡੀ.ਨੰ:200241) ਜੋ ਕਿ ਬਤੌਰ ਸ.ਲ.ਮ ਉਪ ਮੰਡਲ,ਸਹਿਰੀ ਵਿਖੇ ਕੰਮ ਕਰਦਾ ਹੈ।ਸ੍ਰੀ ਗੁਰਤੇਜ ਰਾਮ ਸ.ਲ.ਮ ਮਿਤੀ 28.08.22 ਤੋ ਲਗਾਤਾਰ ਗੈਰ-ਹਾਜਰ ਚੱਲ ਰਿਹਾ ਹੈ।ਇਸ ਸੰਬੰਧੀ ਸਹਾਇਕ ਇੰਜੀਨੀਅਰ/ਉਪ ਮੰਡਲ,ਸਹਿਰੀ ਪਾਤੜਾਂ ਦੇ ਪੱਤਰ ਨੰ:2574 ਮਿਤੀ 02/09/22 ਰਾਹੀ ਜਾਣਕਾਰੀ ਦਿੱਤੀ ਗਈ ਹੈ।ਇਸ ਤੇ ਕਾਰਵਾਈ ਕਰਦੇ ਹੋਏ ਸੀਨੀਅਰ ਕਾਰਜਕਾਰੀ ਇੰਜੀਨੀਅਰ/ਸੰਚਾਲਣ ਮੰਡਲ,ਪਾਤੜਾਂ ਵੱਲੋਂ ਪੱਤਰ ਨੰ:5841 ਮਿਤੀ 14/12/22 ਅਤੇ ਪੱਤਰ ਨੰ:94 ਮਿਤੀ 09/01/23 ਰਾਹੀ ਉਪ ਮੰਡਲ,ਦਫਤਰ ਸਹਿਰੀ ਪਾਤੜਾਂ ਤੋਂ ਕਰਮਚਾਰੀ ਦੇ ਗੈਰ-ਹਾਜਰ ਰਹਿਣ ਸੰਬੰਧੀ ਜਵਾਬਤਲੱਬੀ ਲੈਣ ਸੰਬੰਧੀ ਲਿਖਿਆ ਗਿਆ ਸੀ ਇਸ ਦੇ ਸੰਬੰਧ ਵਿੱਚ ਸਹਾਇਕ ਕਾਰਜਕਾਰੀ ਇੰਜੀਨੀਅਰ/ਉਪ ਮੰਡਲ,ਸਹਿਰੀ ਪਾਤੜਾਂ ਦੇ ਪੱਤਰ ਨੰ:4647 ਮਿਤੀ 24/04/23 ਰਾਹੀ ਦੱਸਿਆ ਗਿਆ ਹੈ ਕਿ ਉਨਾਂ ਦੇ ਦਫਤਰ ਦੇ ਪੱਤਰ ਨੰ:3981 ਮਿਤੀ 16/02/23 ,4214 ਮਿਤੀ 23/02/2023 ,4540 ਮਿਤੀ 05/04/23 ਰਾਹੀ ਕਰਮਚਾਰੀ ਤੋਂ ਗੈਰ-ਹਾਜਰ ਰਹਿਣ ਸੰਬੰਧੀ ਜਵਾਬ ਤਲੱਬੀ ਮੰਗੀ ਗਈ ਸੀ ਪਰ ਕਰਮਚਾਰੀ ਵੱਲੋਂ ਕੋਈ ਜਵਾਬਤਲੱਬੀ ਪ੍ਰਾਪਤ ਨਹੀ ਹੋਈ ਅਤੇ ਉਨਾਂ ਵੱਲੋਂ ਸੰਚਾਲਣ ਮੰਡਲ,ਪਾਤੜਾਂ ਦਫਤਰ ਨੂੰ ਅਨੁਸਾਸਨੀ ਕਾਰਵਾਈ ਕਰਨ ਦੀ ਸਿਫਾਰਿਸ ਕੀਤੀ ਗਈ। ਇਸ ਦੇ ਸੰਬੰਧ ਵਿੱਚ ਸੀਨੀਅਰ ਕਾਰਜਕਾਰੀ ਇੰਜੀਨੀਅਰ/ਸੰਚਾਲਣ ਮੰਡਲ,ਪਾਤੜਾਂ ਦੇ ਦ/ਹੁ ਨੰ:183 ਮਿਤੀ 31/08/23 ਰਾਹੀਂ ਕਰਮਚਾਰੀ ਨੂੰ ਡਿਊਟੀ ਤੋਂ ਮੁਅੱਤਲ ਕਰ ਦਿੱਤਾ ਗਿਆ ਅਤੇ ਹੈਡਕੁਆਟਰ ਵੰਡ ਮੰਡਲ,ਪਾਤੜਾਂ ਵਿਖੇ ਫਿਕਸ ਕੀਤਾ ਗਿਆ ।ਇਸ ਤੋਂ ਬਾਅਦ ਕਰਮਚਾਰੀ ਨੂੰ ਸੀਨੀਅਰ ਕਾਰਜਕਾਰੀ ਇੰਜੀਨੀਅਰ/ਸੰਚਾਲਣ ਮੰਡਲ,ਪਾਤੜਾਂ ਜੀ ਵੱਲੋਂ ਦੋਸ਼ ਸੂਚੀ ਨੰ:7280 ਮਿਤੀ 28/09/23 ਜਾਰੀ ਕੀਤੀ ਗਈ।ਸਹਾਇਕ ਕਾਰਜਕਾਰੀ ਇੰਜੀ:/ਉਪ ਮੰਡਲ,ਸਹਿਰੀ ਪਾਤੜਾਂ ਦੇ ਪੱਤਰ ਨੰ:409 ਮਿਤੀ 29/02/24 ਰਾਹੀ ਦੱਸਿਆ ਗਿਆ ਹੈ ਕਿ ਉਨਾਂ ਦੇ ਪੱਤਰ ਨੰ:6923 ਮਿਤੀ 04/10/23 ਅਤੇ ਪੱਤਰ ਨੰ:7177 ਮਿਤੀ 22/11/23 ਰਾਹੀ ਰਜਿਸਟਰਡ ਡਾਕ ਰਾਹੀ ਦੋਸ਼ ਸੂਚੀ ਦੀ ਕਾਪੀ ਭੇਜੀ ਗਈ ਜੋ ਕਿ ਦਫਤਰ ਵਾਪਿਸ ਆ ਗਈ।ਇਸ ਤੋਂ ਬਾਅਦ ਗੁਰਤੇਜ਼ ਸਿੰਘ ਦੇ ਭਰਾ ਵੀਰਭਾਨ ਸਿੰਘ ਨੂੰ ਦੋਸ਼ ਸੂਚੀ ਪ੍ਰਾਪਤ ਕਰਵਾਈ ਗਈ ।

ਕਰਮਚਾਰੀ ਦੇ ਗੈਰ-ਹਾਜਰ ਰਹਿਣ ਸੰਬੰਧੀ ਲਗਾਏ ਗਏ ਦੋਸ਼ਾਂ ਦੀ ਪੜ੍ਹਤਾਲ ਕਰਨ ਲਈ ਸੀਨੀਅਰ ਕਾਰਜਕਾਰੀ ਇੰਜੀ/ਸੰਚਾ.ਮੰਡਲ,ਪਾਤੜਾਂ ਦੇ ਦ/ਹੁ ਨੰ:244 ਮਿਤੀ 06/10/23 ਰਾਹੀ ਸਹਾਇਕ ਇੰਜੀਨੀਅਰ/ਵੰਡ ਉਪ ਮੰਡਲ,ਦਿਹਾਤੀ ਪਾਤੜਾਂ ਇੰਨਕੁਆਰੀ ਅਫਸਰ ਨਿਯੁਕਤ ਕੀਤਾ ਗਿਆ ਹੈ।

ਇੰਨਕੁਆਰੀ ਦੇ ਸੰਬੰਧ ਵਿੱਚ ਸਹਾਇਕ ਇੰਜੀਨੀਅਰ/ਉਪ ਮੰਡਲ,ਦਿਹਾਤੀ ਪਾਤੜਾਂ ਦੇ ਪੱਤਰ ਨੰ:312 ਮਿਤੀ 22/02/24 ਰਾਹੀ ਪ੍ਰਾਪਤ ਹੋਈ ਪੜ੍ਹਤਾਲੀਆਂ ਰਿਪੋਰਟ ਹੇਠ ਅਨੁਸਾਰ ਹੈ:-

ਸ੍ਰੀ ਗੁਰਤੇਜ਼ ਰਾਮ ਸ.ਲ.ਮ ਪੁੱਤਰ ਸ੍ਰੀ ਦਿਆ ਰਾਮ ਆਈ.ਡੀ.ਨੰ:200241 ਸੁੰਦਰ ਬਸਤੀ ਪਾਤੜਾਂ ਜਿਲਾ ਪਟਿਆਲਾ ਦਾ ਰਹਿਣ ਵਾਲਾ ਹੈ।ਇਹ ਕਰਮਚਾਰੀ ਸਹਿਰੀ ਸ/ਡ ਪਾਤੜਾਂ ਵਿਖੇ ਕੰਮ ਕਰਦਾ ਸੀ ਇਹ ਕਰਮਚਾਰੀ ਮਿਤੀ 28/08/2022 ਤੋਂ ਲਗਾਤਾਰ

# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

(ਸੀਨੀਅਰ ਕਾਰਜਕਾਰੀ ਇੰਜੀਨੀਅਰ, ਸੰਚਾਲਨ ਮੰਡਲ ਪਾਤੜਾਂ)

ਫੋਨ ਨੰ.01764,242632 ਫੈਕਸ ਨੰ E-mail-pspcldivisionpatran2@gmail.com


ਗੈਰ-ਹਾਜਰ ਚੱਲ ਰਿਹਾ ਹੈ।ਗੈਰ-ਹਾਜਰ ਸੰਬੰਧੀ ਇਸ ਕਰਮਚਾਰੀ ਨੂੰ ਮੀਮੋ ਨੰ:2560 ਮਿਤੀ 07/11/23 ਨੂੰ ਘਰ ਦੇ ਪਤੇ ਤੇ ਦਫਤਰ ਦੇ ਬਿੱਲ ਵੰਡਕ ਸ੍ਰੀ ਗੁਰਪ੍ਰੀਤ ਸਿੰਘ ਦੁਆਰਾ ਡਿਊਟੀ ਤੇ ਹਾਜਰ ਹੋਣ ਅਤੇ ਸਪੱਸ਼ਟੀਕਰਨ ਦੇਣ ਸੰਬੰਧੀ ਲਿਖਿਆ ਗਿਆ ਤਾਂ ਦੁਬਾਰਾ ਫਿਰ ਘਰ ਵਾਲਿਆ ਵੱਲੋਂ ਡਾਕ ਨਹੀ ਨਹੀ ਗਈ ਅਤੇ ਕਿਹਾ ਗਿਆ ਕਿ ਗੁਰਤੇਜ਼ ਰਾਮ ਘਰ ਛੱਡ ਕੇ ਕਿਸੇ ਅਣਦੱਸੀ ਥਾ ਤੇ ਚੱਲਾ ਗਿਆ ਹੈ।ਵਧੀਕ ਨਿਗਰਾਨ ਨਿਗਰਾਨ ਇੰਜੀਨੀਅਰ/ਵੰਡ ਮੰਡਲ,ਪਾਤੜਾਂ ਜੀ ਵੱਲੋਂ ਦ/ਹੁ ਨੰ:244 ਮਿਤੀ 06/10/23 ਰਾਹੀ ਨਿਯੁਕਤ ਕੀਤੇ ਗਏ ਪੜ੍ਹਤਾਲੀ ਅਫਸਰ ਸ੍ਰੀ ਮਹਿੰਦਰ ਸਿੰਘ ਏ.ਈ ਸ/ਡ ਦਿਹਾਤੀ ਪਾਤੜਾਂ ਵੱਲੋਂ ਨਿੱਜੀ ਤੋਰ ਤੇ ਭਰਜਾਈ ਸ੍ਰੀਮਤੀ ਸੁਮਿੱਤਰਾ ਪਤਨੀ ਸ੍ਰੀ ਵੀਰਭਾਨ ਘਰ ਸੀ, ਉਸ ਨੇ ਦੱਸਿਆ ਕਿ ਗੁਰਤੇਜ਼ ਰਾਮ ਇਸ ਘਰ ਵਿੱਚ ਕਦੇ ਨਹੀ ਆਇਆ ,ਉਹ ਕਿਸੇ ਅਣਦੱਸੀ ਥਾ ਤੇ ਚੱਲਾ ਗਿਆ ਹੈ।ਇਸ ਤੋਂ ਇਲਾਵਾ ਆਲੇ ਦੁਆਲੇ ਗੁਆਢੀਆ ਤੋਂ ਪਤਾ ਕੀਤਾ ਗਿਆ ਤਾਂ ਉਨਾਂ ਨੇ ਵੀ ਕਿਹਾ ਕਿ ਗੁਰਤੇਜ਼ ਰਾਮ ਇਸ ਘਰ ਵਿੱਚ ਨਹੀ ਰਹਿੰਦਾ।ਇਸ ਤੋਂ ਬਾਅਦ ਕਰਮਚਾਰੀ ਦੇ ਘਰ ਰਜਿਸਟਰਡ ਪੱਤਰ ਨੰਬਰ 237 ਮਿਤੀ 09/02/24 ਰਾਹੀ ਰਜਿਸਟਰਡ ਪੋਸਟ ਕਰਵਾਈ ਤਾਂ ਡਾਕੀਏ ਵੱਲੋਂ ਇਹ ਲਿਖਿਆ ਗਿਆ ਕਿ ਦਿੱਤੇ ਪਤੇ ਪ੍ਰਾਪਤ ਕਰਤਾ ਮੋਜੂਦ ਨਹੀ ਹੈ।ਪ੍ਰਾਪਤ ਕਰਤਾ ਘਰੇ ਨਹੀ ਰਹਿੰਦਾ ਹੈ।

ਪੜ੍ਹਤਾਲ ਕਰਨ ਤੋਂ ਪਤਾ ਲੱਗਦਾ ਹੈ ਕਿ ਕਰਮਚਾਰੀ ਡਿਊਟੀ ਪ੍ਰਤੀ ਰੁਚੀ ਨਹੀ ਰੱਖਦਾ ਅਤੇ ਡਿਊਟੀ ਤੇ ਹਾਜਰ ਨਹੀ ਹੋਵੇਗਾ।ਇਸ ਲਈ ਗੁਰਤੇਜ਼ ਰਾਮ ਸ.ਲ.ਮ ਪੁੱਤਰ ਸ੍ਰੀ ਦਿਆ ਰਾਮ ਸੁੰਦਰ ਬਸਤੀ ਪਾਤੜਾਂ ਖਿਲਾਫ ਇੱਕ ਤਰਫਾ ਕਾਰਵਾਈ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

ਉਪਰੋਕਤ ਪੜ੍ਹਤਾਲ ਰਿਪੋਰਟ ਤੋਂ ਸਾਫ ਜਾਹਿਰ ਹੈ ਕਿ ਕਰਮਚਾਰੀ ਡਿਊਟੀ ਸੰਬੰਧੀ ਬਿਲਕੁਲ ਵੀ ਜਿੰਮੇਵਾਰ ਨਹੀ ਹੈ ਅਤੇ ਜਾਣ ਬੁੱਝ ਕੇ ਗੈਰ ਹਾਜ਼ਰ ਹੋਇਆ।

ਸੋ ਨਿਮਨਹਸਤਾਖਰ ਨੂੰ ਜਾਪਦਾ ਹੈ ਕਿ ਸ੍ਰੀ ਗੁਰਤੇਜ ਰਾਮ ਸ.ਲ.ਮ ਆਪਣਾ ਪੱਖ ਪੇਸ਼ ਕਰਨ ਲਈ ਪਬਲਿਕ ਨੋਟਿਸ ਜਾਰੀ ਕਰਨ ਤੋ ਇਲਾਵਾ ਹੋਰ ਕੋਈ ਵਸੀਲਾ ਨਹੀ ਰਹਿ ਜਾਂਦਾ।ਸੋ ਇਸ ਦਫਤਰ ਦੇ ਪੱਤਰ ਨੰ:1940 ਮਿਤੀ 10/04/2024 ਰਾਹੀ ਉਪ ਸਕੱਤਰ/ਲੋਕ ਸਪਰੰਕ ,ਪੀ.ਐਸ.ਪੀ.ਸੀ.ਐਲ,ਪਟਿਆਲਾ ਨੂੰ ਕਰਮਚਾਰੀ ਗੈਰ-ਹਾਜਰੀ ਪਬਲਿਕ ਨੋਟਿਸ ਪੰਜਾਬੀ ਤੇ ਅੰਗਰੇਜੀ ਅਖਬਾਰ ਵਿੱਚ ਛਪਵਾਇਆ ਗਿਆ ਪ੍ਰੰਤੂ ਕਰਮਚਾਰੀ ਨੇ ਡਿਊਟੀ ਜੁਆਇੰਨ ਕਰਨ ਲਈ ਕੋਈ ਦਿਲਚਸਪੀ ਨਹੀ ਦਿਖਾਈ ਹੈ।ਇਸ ਤੋਂ ਇਲਾਵਾ ਨਾ ਹੀ ਕਦੇ ਖੁਦ ਸੰਬੰਧਤ ਦਫਤਰ ਵਿੱਚ ਜਾ ਕੇ ਕੋਈ ਬੇਨਤੀ ਪੱਤਰ ਦਿੱਤਾ ਅਤੇ ਨਾ ਹੀ ਉਸ ਵੱਲੋਂ ਕਿਸੇ ਤਰ੍ਹਾਂ ਦੀ ਕੋਈ ਜਾਣਕਾਰੀ ਸਾਂਝੀ ਕੀਤੀ ਗਈ ਹੈ।

ਉਪ ਸਕੱਤਰ/ਸੇਵਾਵਾ-2,ਪਟਿਆਲਾ ਦੇ ਮੀਮੋ ਨੰ:1046/ਆਈ.ਆਰ.ਪੀ/ਮਿਤੀ 19.10.2020 ਅਨੁਸਾਰ ਜੇਕਰ ਕੋਈ ਕਰਮਚਾਰੀ ਛੁੱਟੀ ਮੰਨਜੂਰ ਕਰਾਏ ਬਿਨਾਂ ਡਿਊਟੀ ਤੋਂ ਗੈਰ-ਹਾਜਰ ਰਹਿੰਦਾ ਹੈ ਅਤੇ ਗੈਰ-ਹਾਜਰੀ ਦਾ ਸਮਾਂ ਚਲਦੇ ਨੂੰ ਇੱਕ ਸਾਲ ਤੋਂ ਵੱਧ ਹੋ ਜਾਂਦਾ ਹੈ ਤਾਂ ਉਸ ਵੱਲੋਂ ਸਰਕਾਰੀ ਸਰਵਿਸ ਤੋਂ **Deemed Resignation** ਮੰਨਿਆ ਜਾਵੇਗਾ।

ਉਪਰੋਕਤ ਪੜ੍ਹਤਾਲ ਰਿਪੋਰਟ ਤੋਂ ਸਪੱਸਟ ਹੈ ਕਿ ਕਰਮਚਾਰੀ ਮਿਤੀ 28.08.2022 ਤੋਂ ਜਾਣ ਬੁੱਝ ਕੇ ਗੈਰ ਹਾਜਰ ਰਿਹਾ ਹੈ।ਸੋ ਕਰਮਚਾਰੀ ਨੂੰ ਦਰਸਾਏ ਦੋਸਾਂ ਲਈ ਜਿੰਮੇਵਾਰ ਮੰਨਦੇ ਹੋਏ ਕਰਮਚਾਰੀ ਸਜਾ ਤੇ ਅਪੀਲ ਰੈਗੂਲੇਸ਼ਨ 1971 ਦੇ ਵਿਨਿਯਮ 5 ਦੇ ਨਿਯਮ(**V to IX**) ਤਹਿਤ ਕਰਮਚਾਰੀ ਸ੍ਰੀ ਗੁਰਤੇਜ਼ ਰਾਮ ਸ.ਲ.ਮ( ਆਈ.ਡੀ.ਨੰ:200241) ਪੁੱਤਰ ਸ੍ਰੀ ਦਿਆ ਰਾਮ ਨੂੰ ਮਿਤੀ 28.08.2022 ਤੋਂ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੀਆਂ ਸੇਵਾਵਾ ਤੋਂ ਬਰਖਾਸਤ (**Removal from Service**) ਕੀਤਾ ਜਾਂਦਾ ਹੈ ।